# ਪੰਜਾਬ ਸਕੂਲ ਸਿੱਖਿਆ ਬੋਰਡ

## ਰਜਿਸਟ੍ਰੇਸ਼ਨ/ਕੰਟੀਨਿਊਸ਼ਨ ਰਿਵਾਈਜ਼ਡ ਸ਼ਡਿਊਲ

**ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਸਬੰਧਤ ਪੰਜਾਬ ਰਾਜ ਦੇ** ਜਿਆਦਾਤਰ ਅਧਿਆਪਕਾਂ ਦੀ BLO, SIR, Drug Serve, Sector Officer ਅਤੇ Supervisor ਵੱਜੋਂ ਡਿਊਟੀਆਂ ਲੱਗੀਆਂ ਹੋਣ ਕਾਰਨ **ਸੈਸ਼ਨ** 2026-27 ਲਈ **ਅੱਠਵੀ ਤੋਂ ਬਾਰ੍ਹਵੀਂ ਸ਼੍ਰੇਣੀਆਂ ਦੇ ਦਾਖਲੇ ਦੀ ਅੰਤਿਮ ਮਿਤੀ 24-07-2026 ਵਿੱਚ ਵਾਧਾ ਕਰਦੇ ਹੋਏ 08-08-2026 ਕੀਤੀ ਜਾਂਦੀ ਹੈ** ਅਤੇ ਦਾਖਲੇ ਦੀਆਂ ਮਿਤੀਆਂ ਦੇ ਵਿੱਚ ਵਾਧਾ ਕਰਨ ਦੇ ਨਾਲ-ਨਾਲ ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀ ਦੇ ਵਿਦਿਆਰਥੀਆਂ ਦੀ ਆਨ-ਲਾਈਨ ਰਜਿਸਟ੍ਰੇਸ਼ਨ/ ਕੰਟੀਨਿਊਸ਼ਨ ਕਰਨ ਸਬੰਧੀ ਫੀਸ ਜਮ੍ਹਾਂ ਕਰਵਾਉਣ ਲਈ ਪਹਿਲਾਂ ਜਾਰੀ ਕੀਤੇ ਗਏ ਸ਼ਡਿਊਲ ਦੀ ਲਗਾਤਾਰਤਾ ਵਿੱਚ ਹੇਠ ਲਿਖੇ ਅਨੁਸਾਰ ਵਾਧਾ/ਤਬਦੀਲੀ ਕੀਤੀ ਜਾਂਦੀ ਹੈ :-

**Unified Student Registration Portal ਵਿੱਚ ਵਿਦਿਆਰਥੀਆਂ ਦੀ ਐਂਟਰੀ ਕੇਵਲ ਦਾਖਲੇ ਦੀ ਅੰਤਿਮ ਮਿਤੀ 08-08-2026 ਤੱਕ ਹੀ ਕੀਤੀ ਜਾ ਸਕੇਗੀ।**

**ਰਜਿਸਟ੍ਰੇਸ਼ਨ / ਕੰਟੀਨਿਊਸ਼ਨ ਦੀਆਂ ਮਿਤੀਆਂ ਦਾ ਰਿਵਾਈਜ਼ਡ ਸ਼ਡਿਊਲ**

| ਅੱਠਵੀਂ ਤੋਂ ਬਾਰ੍ਹਵੀਂ ਸ਼੍ਰੇਣੀ | ਐਪਲੀਕੇਸ਼ਨ ਚਾਲੂ ਕਰਨ ਦੀ ਮਿਤੀ | ਆਫ-ਲਾਈਨ ਫੀਸ ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ | ਆਫ-ਲਾਈਨ ਫੀਸ ਚਲਾਨ ਬੈਂਕ ਵਿੱਚ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ | ਆਨ-ਲਾਈਨ ਐਂਟਰੀ ਅਤੇ ਫੀਸ ਜਮ੍ਹਾਂ ਕਰਵਾਉਣ ਦੀ ਆਖਰੀ ਮਿਤੀ |
|---|---|---|---|---|
| ਬਿਨ੍ਹਾਂ ਲੇਟ ਫੀਸ | 1-4-2026 | 03-08-2026 | 08-08-2026 | 08-08-2026 |
| **2000/-** ਰੁ: ਪ੍ਰਤੀ ਵਿਦਿ: ਲੇਟ ਫੀਸ ਨਾਲ | 9-8-2026 | 26-08-2026 | 31-08-2026 | 31-08-2026 |

ਨੋਟ :-

(1) **ਪਹਿਲਾਂ ਜਾਰੀ ਕੀਤੇ ਗਏ ਸ਼ਡਿਊਲ/ਹਦਾਇਤਾਂ ਵਿੱਚ ਦਰਜ਼ ਕੀਤੀਆਂ ਗਈਆਂ ਸ਼ਰਤਾਂ ਹੁਣ ਜਾਰੀ ਕੀਤੇ ਜਾ ਰਹੇ ਰਿਵਾਈਜ਼ਡ ਸ਼ਡਿਊਲ 'ਤੇ ਵੀ ਇੰਨ-ਬਿੰਨ ਲਾਗੂ ਰਹਿਣਗੀਆਂ ।**

(2) ਜਿਹੜੇ ਸਕੂਲਾਂ ਨੇ ਪਹਿਲਾਂ ਚਲਾਨ ਜਨਰੇਟ ਕਰ ਲਿਆ ਹੈ, ਉਹਨਾਂ ਸਕੂਲਾਂ ਵਾਸਤੇ ਚਲਾਨ ਉੱਪਰ ਦਰਜ Challan Valid Date ਤੱਕ ਬੈਂਕ ਵਿੱਚ ਫੀਸ ਜਮ੍ਹਾਂ ਕਰਵਾਉਣਾ ਲਾਜ਼ਮੀ ਹੈ। ਉਹਨਾਂ ਸਕੂਲਾਂ ਨੂੰ Challan Valid Date ਵਿੱਚ ਕਿਸੇ ਕਿਸਮ ਦੀ ਕੋਈ ਛੋਟ ਨਹੀ ਦਿੱਤੀ ਜਾਵੇਗੀ। Challan Valid Date ਖਤਮ (End) ਹੋਣ ਤੋਂ ਬਾਅਦ ਹੀ ਨਿਰਧਾਰਿਤ ਸ਼ਡਿਊਲ ਅਨੁਸਾਰ ਨਵਾਂ ਚਲਾਨ ਰੀ-ਜਨਰੇਟ ਕੀਤਾ ਜਾ ਸਕਦਾ ਹੈ।

(3) ਸਕੂਲਾਂ ਵੱਲੋਂ ਜਿੰਨਾਂ ਵਿਦਿਆਰਥੀਆਂ ਨੂੰ Unified Student Registration Portal ਆਨ-ਲਾਈਨ ਰਜਿਸਟਰਡ ਕੀਤਾ ਜਾ ਚੁੱਕਾ ਹੈ, ਉਹਨਾਂ ਵਿੱਚੋਂ ਜੇਕਰ ਕਿਸੇ ਵਿਦਿਆਰਥੀ ਨੇ ਆਪਣਾ ਸਕੂਲ ਛੱਡਕੇ ਦੂਸਰੇ ਸਕੂਲ ਵਿੱਚ ਦਾਖਲਾ ਲੈਣਾ ਹੈ ਤਾਂ ਉਸਨੂੰ ਸਕੂਲ ਤੋਂ ਸਕੂਲ ਟਰਾਂਸਫਰ ਕਰਵਾਉਣਾ ਲਾਜ਼ਮੀ ਹੈ।

ਵਿਸ਼ੇਸ਼ ਨੋਟ :- Unified Student Registration Portal ਅਧੀਨ Registration Data Entry ਦੇ ਲਿੰਕ ਵਿੱਚ ਵਿਦਿਆਰਥੀਆਂ ਦੀ ਐਂਟਰੀ ਕਰਨ ਲਈ ਲਿੰਕ ਦਾਖਲਾ ਸ਼ਡਿਊਲ ਦੀ ਅੰਤਿਮ ਮਿਤੀ 08-08-2026 ਤੱਕ ਹੀ ਖੁੱਲੇਗਾ। ਸੈਸ਼ਨ 2026-27 ਲਈ ਨਿਰਧਾਰਿਤ ਦਾਖਲੇ ਦੀ ਅੰਤਿਮ ਮਿਤੀ ਤੋਂ ਬਾਅਦ Registration Data Entry ਦੇ ਲਿੰਕ ਵਿੱਚ ਵਿਦਿਆਰਥੀਆਂ ਦੀ ਐਂਟਰੀ ਨਹੀ ਕੀਤੀ ਜਾ ਸਕੇਗੀ। ਇਸ Unified Student Registration Portal ਅਧੀਨ ਦਰਸਾਏ ਗਏ ਫਾਰਮਾਂ ਵਿੱਚ ਜਿੰਨ੍ਹਾਂ ਵਿਦਿਆਰਥੀਆਂ ਦੀ ਐਂਟਰੀ ਕੀਤੀ ਜਾਵੇਗੀ ਕੇਵਲ ਉਹਨਾਂ ਵਿਦਿਆਰਥੀਆਂ ਦੀ ਹੀ ਰਜਿਸਟ੍ਰੇਸ਼ਨ/ ਕੰਟੀਨਿਊਏਸ਼ਨ ਫੀਸ Pay Registration Fee ਲਿੰਕ ਦੇ ਅਧੀਨ ਜਮ੍ਹਾਂ ਕਰਵਾਉਣ ਲਈ ਆਨ-ਲਾਈਨ ਪੋਰਟਲ ਖੁੱਲ ਸਕੇਗਾ। ਇਸ ਕਰਕੇ ਸਕੂਲ ਮੁਖੀ Unified Student Registration Portal ਵਿੱਚ ਦਾਖਲੇ ਦੀ ਅੰਤਿਮ ਮਿਤੀ ਤੱਕ ਦਾਖਲ ਹੋਏ ਵਿਦਿਆਰਥੀਆਂ ਦੀ ਮੁਕੰਮਲ ਐਂਟਰੀ ਕਰਨਾ ਯਕੀਨੀ ਬਣਾਉਣ ।ਜੇਕਰ ਇਸ ਉਪਰੰਤ ਵੀ ਕਿਸੇ ਵਿਦਿਆਰਥੀ ਦੀ ਰਜਿਸਟ੍ਰੇਸ਼ਨ/ਕੰਟੀਨਿਏਸ਼ਨ ਕਰਨ ਤੋਂ ਰਹਿ ਜਾਂਦੀ ਹੈ ਤਾਂ ਇਸਦੀ ਨਿਰੋਲ ਜਿੰਮੇਵਾਰੀ ਸਕੂਲ ਮੁਖੀ ਦੀ ਹੀ ਹੋਵੇਗੀ ।

ਡਾਇਰੈਕਟਰ (ਕੰਪਿਊਟਰ)